# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਏ.ਆਈ.ਈ/ਓ.ਓ.ਐਸ.ਸੀ/2010-11/**38819-38839**
ਮਿੱਤੀ ਚੰਡੀਗੜ੍ਹ: **26-05-10**

**ਵਿਸ਼ਾ:- ਏ.ਆਈ.ਈ ਕੇਂਦਰ ਵਿਚ ਪੜ੍ਹਦੇ ਬੱਚਿਆਂ ਨੂੰ ਦਿਤੀਆਂ ਗਈਆਂ ਸਹੂਲਤਾ ਦੇ ਨਿਰੀਖਣ ਬਾਰੇ।**

**1.0** ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਵਿੱਤੀ ਸਾਲ 2009-10 ਦੌਰਾਨ 7 ਤੋਂ 14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਨੂੰ ਉਹਨਾ ਦੀ ਉਮਰ ਅਨੁਸਾਰ ਸਕੂਲ ਪੱਧਰ ਲਈ ਤਿਆਰ ਕਰਨ ਲਈ ਏ.ਆਈ.ਈ ਕੇਂਦਰਾਂ ਵਿਚ ਦਾਖਲ ਕਰਕੇ ਬ੍ਰਿਜ ਕੋਰਸ ਕਰਵਾਏ ਗਏ ਸਨ। ਇਸੇ ਸਾਲ ਦੌਰਾਨ ਏ.ਆਈ.ਈ ਮੱਦ ਅਧੀਨ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਇਹਨਾ ਸਮੂਹ ਕੇਂਦਰਾਂ ਦੇ ਸਮੂਹ ਬੱਚਿਆਂ ਨੂੰ ਹੇਠ ਲਿਖੇ ਅਨੁਸਾਰ ਸਹੂਲਤਾ ਮਹੱਈਆ ਕਰਵਾਈਆ ਗਈਆ ਸਨ।

| ਲੜੀ ਨੰ: | ਆਇਟਮ | ਰੇਟ | ਵਿਸ਼ੇਸ਼ ਕੱਥਨ |
|---|---|---|---|
| 1. | ਏ.ਆਈ.ਈ ਵਲੰਟੀਅਰ ਦਾ ਮਾਨਭੱਤਾ | ਉਪਰੋਕਤ ਦਰਸਾਏ ਪੈਰਾ ਨੰ: 5 ਅਨੁਸਾਰ | ਪਸਵਕ Level |
| 2. | ਪਾਠ ਪੁਸਤਕਾਂ (ਬ੍ਰਿਜ ਕੋਰਸ – 1, 2 ਅਤੇ 3) | - | ਸਟੇਟ ਪ੍ਰਾਜੈਕਟ ਦਫਤਰ ਵਲੋਂ ਮੁੱਹਈਆਂ ਕਰਵਾਈਆਂ ਜਾਣਗੀਆਂ। |
| 3. | ਸਟੇਸ਼ਨਰੀ (5 ਕਾਪੀਆਂ, 2 ਪੈਨ, 2 ਪੈਂਸਿਲ, 2 ਰੱਬੜ, ਸ਼ਾਰਪਨਰ, ਸਲੇਟ ਅਤੇ ਸਲੇਟੀ) | @ Rs. 100/- ਪ੍ਰਤੀ ਬੱਚਾ ਪ੍ਰਤੀ ਸਾਲ ਇੱਕ ਵਾਰ | ਪਸਵਕ Level |
| 4. | ਫੋਟੋ, ਸ਼ਨਾਖਤ ਕਾਰਡ ਅਤੇ ਦਾਖਲਾ ਫਾਰਮ | @ Rs. 25/- ਪ੍ਰਤੀ ਬੱਚਾ ਪ੍ਰਤੀ ਸਾਲ ਇੱਕ ਵਾਰ | ਏ.ਆਈ.ਈ ਵਲੰਟੀਅਰ ਰਾਹੀ। |
| 6. | ਕੰਨਟੇਜੈਂਸੀ/ਕੇਂਦਰ ਗ੍ਰਾਂਟ (ਕੁਰਸੀ, ਟੇਬਲ, ਪੀਣ ਵਾਲੇ ਪਾਣੀ ਦਾ ਕੈਂਪਫ਼ਰ, ਟਾਟ ਪੱਟੀ, ਬਲੈਕ ਬੋਰਡ, ਖੇਡਾਂ ਦਾ ਸਮਾਨ, ਬੱਚਿਆਂ ਦਾ ਹਾਜ਼ਰੀ ਰਜਿਸਟਰ, ਦਾਖਲ ਖਾਰਜ ਰਜਿਸਟਰ ਆਦਿ) | @ Rs. 1000/- ਪ੍ਰਤੀ ਕੇਂਦਰ ਪ੍ਰਤੀ ਸਾਲ ਇੱਕ ਵਾਰ | ਪਸਵਕ ਪੱਧਰ |

| | | | |
|---|---|---|---|
| 7. | ਵਲੰਟੀਅਰ ਦੀ ਟ੍ਰੇਨਿੰਗ | @ Rs. 100/- ਪ੍ਰਤੀ ਵਲੰਟੀਅਰ ਪ੍ਰਤੀ ਦਿਨ | ਡਾਇਟ/ਜੀ.ਆਈ.ਐਸ.ਟੀ.ਸੀ/ਬੀ.ਐਮ.ਟੀਜ਼/ਡੀ.ਐਮ.ਟੀਜ਼/ਸੀ.ਐਮ.ਟੀਜ਼ |
| 8. | ਬੱਚਿਆਂ ਲਈ ਵਰਦੀਆਂ | @ Rs. 800/- ਪ੍ਰਤੀ ਬੱਚਾ ਪ੍ਰਤੀ ਸਾਲ ਇੱਕ ਵਾਰ | ਪਸਵਕ ਪੱਧਰ |

**2.0** ਇਸ ਤੋ ਇਲਾਵਾ ਵਖ-ਵਖ ਸੂਤਰਾਂ ਤੋਂ ਮੁਖ ਦਫਤਰ ਨੂੰ ਪ੍ਰਾਪਤ ਹੋਇਆ ਰਿਪੋਰਟਾਂ ਨੂੰ ਘੋਖਣ ਉਪਰੰਤ ਇਹ ਪਾਇਆ ਗਿਆ ਹੈ ਕਿ ਬਹੁਤ ਸਾਰੇ ਕੇਂਦਰਾਂ ਵਿਚ ਜਾ ਤਾਂ ਸਹੂਲਤਾਂ ਦਿਤੀਆਂ ਹੀ ਨਹੀਂ ਗਈਆਂ ਜਾਂ ਪੂਰੀ ਮਾਤਰਾ ਵਿਚ ਨਹੀਂ ਦਿਤੀਆਂ ਗਈਆਂ ਅਤੇ ਦਿਤੀਆਂ ਗਈਆਂ ਵਸਤੂਆਂ ਦੀ ਗੁਣਵੱਤਾ ਵੀ ਸੰਦੇਹਜਨਕ ਹੈ।

**3.0** ਇਸ ਮਾਮਲੇ ਨੂੰ ਸਰਕਾਰ ਦੇ ਪੱਧਰ ਤੇ ਬਹੁਤ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਇੱਕ ਵਿਸ਼ੇਸ਼ ਮੁਹਿੰਮ ਚਲਾ ਕੇ ਸਾਲ 2009-10 ਦੌਰਾਨ ਏ.ਆਈ.ਈ ਕੇਂਦਰਾਂ ਵਿਚ ਪੜ੍ਹਦੇ ਬੱਚਿਆਂ ਨੂੰ (ਜੋ ਕਿ ਸਾਲ 2010-11 ਦੌਰਾਨ ਮੇਨਸਟਰੀਮ ਕਰਵਾਏ ਗਏ ਹਨ) ਦਿੱਤੀਆਂ ਗਈਆਂ ਸਹੂਲਤਾਂ/ਵਸਤੂਆਂ ਦੀ ਮਾਤਰਾ ਅਤੇ ਗੁਣਵਤਾ ਦਾ ਜਾਇਜ਼ਾ ਲਿਆ ਜਾਵੇ।

**4.0** ਇਸ ਫੈਸਲੇ ਦੀ ਰੋਸ਼ਨੀ ਵਿਚ ਆਪ ਸਭ ਨੂੰ ਲਿਖਿਆ ਜਾਂਦਾ ਹੈ ਕਿ ਜ਼ਿਲ੍ਹੇ ਵਿਚ ਕੰਮ ਕਰ ਰਹੇ ਸਮੂਹ ਬੀ.ਆਰ.ਪੀਜ਼ ਦੀ ਵਿਸ਼ੇਸ਼ ਡਿਉਟੀ ਲਗਾਕੇ ਉਹਨਾ ਦੇ ਅਧਿਕਾਰ ਖੇਤਰ ਵਿਚ ਚਲਾਏ ਗਏ ਸਮੂਹ ਏ.ਆਈ.ਈ ਕੇਂਦਰਾਂ ਦੀ ਛਾਣਬੀਣ ਕਰਕੇ ਜ਼ਿਲ੍ਹਾਵਾਰ ਰਿਪੋਰਟ ਮਿਤੀ 10-07-10 ਤੱਕ ਮੁੱਖ ਦਫਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ। ਛਾਣਬੀਨ ਦੌਰਾਨ ਸੰਬਧਤ ਪੇਂਡੂ ਸਿੱਖਿਆ ਵਿਕਾਸ ਕਮੇਟੀ ਅਤੇ ਜ਼ਿਲ੍ਹਾ ਦਫਤਰ ਦੇ ਰਿਕਾਰਡ ਦੀ ਜਾਂਚ ਕਰਨਾ ਲਾਜ਼ਮੀ ਹੈ।

**5.0** ਸਮੂਚੀ ਪ੍ਰਕਿਆ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਦੀ ਨਿਗਰਾਨੀ ਅਤੇ ਪੂਰੇ ਸਹਿਯੋਗ ਨਾਲ ਕਰਵਾਇਆ ਜਾਣਾ ਹਰ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਦੀ ਜਿੰਮੇਵਾਰੀ ਹੋਵੇਗੀ।

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**